# ਮੁਹਾਵਰੇ

ਨਾਮ:

ਤਾਰੀਖ:

ਹੇਠ ਲਿਖੇ ਵਾਕਾਂ ਨੂੰ ਅੰਗਰੇਜ਼ੀ ਵਿੱਚ ਲਿਖੋ:

| | |
|---|---|
| ੧. | ਮਨਜੀਤ ਆਪਣੀ ਮਾਂ ਦੀਆਂ ਅੱਖਾਂ ਦਾ ਤਾਰਾ ਹੈ। |
| | |
| ੨. | ਚੋਰ ਉਸਤਾਦੀ ਕਰਕੇ ਪੁਲਿਸ ਦੀ ਪਕੜ ਵਿਚੋਂ ਭੱਜ ਨਿਕਲਿਆ। |
| | |
| ੩. | ਮੋਹਨ ਆਪਣੇ ਪਿਆਰੇ ਅਧਿਆਪਕ ਨੂੰ ਆਪਣੀ ਅੱਖਾਂ ਤੇ ਬਿਠਾਉਂਦਾ ਹੈ। |
| | |
| ੪. | ਸੁਰਜੀਤ ਦੇ ਦਾਦਾ ਜੀ ਨੇ ਕੱਲ ਰਾਤ ਅੱਖਾਂ ਮੀਟ ਲਈਆਂ। |
| | |
| ੫. | ਕੁਝ ਗੁੰਡੇ ਦੁਕਾਨਦਾਰ ਨੂੰ ਅੱਖਾਂ ਦਿਖਾਉਣ ਲੱਗੇ। |
| | |
| ੬. | ਚੋਰ ਚੋਰੀ ਕਰਕੇ ਭੱਜ ਗਏ ਅਤੇ ਮਾਲਕ ਹੱਥ ਮਲਦਾ ਹੀ ਰਹਿ ਗਿਆ। |
| | |
| ੭. | ਜੀਤ ਨੇ ਪਿਤਾ ਜੀ ਦੇ ਕੰਨ ਭਰਕੇ ਰਾਜੂ ਦੇ ਝਾੜ ਪਵਾ ਦਿੱਤੀ। |
| | |
| ੮. | ਵੱਡਿਆਂ ਦੀ ਸਲਾਹ ਉੱਪਰ ਕੰਨ ਧਰਨੇ ਚਾਹੀਦੇ ਹਨ। |
| | |
| ੯. | ਮਰੀਜ਼ ਆਪਣੀਆਂ ਆਖਰੀ ਘੜੀਆਂ ਗਿਣ ਰਿਹਾ ਸੀ। |
| | |
| ੧੦. | ਪੁਲਿਸ ਨੂੰ ਦੇਖ ਕੇ ਚੋਰ ਹਰਨ ਹੋ ਗਏ। |
| | |

| | |
|---|---|
| ੧੧. | ਮਾਂ ਨੇ ਛੋਟੇ ਬੱਚੇ ਨੂੰ ਆਪਣੀ ਛਾਤੀ ਨਾਲ ਲਾ ਲਿਆ। |
| | |
| ੧੨. | ਥਕਾਵਟ ਨਾਲ ਸੁਖਪ੍ਰੀਤ ਦੀ ਅੱਖ ਲਗ ਗਈ। |
| | |
| ੧੩. | ਇੰਦਰ ਨੇ ਐਕਸਬਾਕਸ ਲੈਣ ਲਈ ਪਿਤਾ ਜੀ ਕੋਲ ਨੱਕ ਰਗੜਿਆ। |
| | |
| ੧੪. | ਜੂਹੀ ਨੇ ਗੰਦਗੀ ਦੇਖ ਕੇ ਨੱਕ ਚਾੜ੍ਹ ਲਿਆ। |
| | |
| ੧੫. | ਹੱਥ ਤੰਗ ਹੋਣ ਕਰਕੇ ਜਗਜੀਤ ਨਵੀਂ ਕਾਰ ਖਰੀਦ ਨਹੀਂ ਸਕਿਆ। |
| | |
| ੧੬. | ਗੱਜਣ ਦੀ ਧੋਖੇਬਾਜ਼ੀ ਦੇਖ ਕੇ ਉਸ ਨੂੰ ਕੋਈ ਮੂੰਹ ਨਹੀਂ ਲਾਉਣਾ ਚਾਹੁੰਦਾ। |
| | |

ਕਿਸੇ ਖ਼ਾਸ ਮੌਕੇ ਉਪਰ ਤੁਸੀਂ ਆਪਣੀ ਮਾਂ, ਪਿਤਾ, ਭਰਾ, ਦੋਸਤ, ਦਾਦੀ ਜੀ ਜਾਂ ਦਾਦਾ ਜੀ ਨੂੰ ਕਿਹੜਾ ਫੁੱਲ ਦਿਉਗੇ? ਅਤੇ ਕਿਉਂ?